# ਸਤੰਬਰ ਪ੍ਰੀਖਿਆ - 2010
## ਵਿਸ਼ਾ - ਪੰਜਾਬੀ, ਸ਼੍ਰੇਣੀ - ਸੱਤਵੀਂ

**ਸਮਾਂ: 3 ਘੰਟੇ** **ਕੁੱਲ ਅੰਕ: 100**

**ਪ੍ਰ.1 ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖੋ:-** (20)

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ। (ਅ) ਮੇਰਾ ਮਿੱਤਰ।
(ੲ) ਦੁਸਹਿਰਾ। (ਸ) ਅੱਖੀ ਡਿੱਠਾ ਮੈਚ।

ਪ੍ਰ.2 ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਘਰ ਦੀ ਗਰੀਬੀ ਦੱਸਕੇ ਫੀਸ ਮੁਆਫ਼ ਕਰਾਉਣ ਲਈ ਬਿਨੈ-ਪੱਤਰ ਲਿਖੋ।

ਜਾਂ

ਆਪਣੇ ਪਾਸ ਹੋਣ ਦੀ ਖ਼ਬਰ ਦੇਣ ਲਈ ਆਪਣੇ ਪਿਤਾ ਜੀ ਨੂੰ ਚਿੱਠੀ ਲਿਖੋ। (10)

**ਪ੍ਰ.3 ਹੇਠ ਲਿਖੇ ਮੁਹਾਵਰਿਆਂ/ਸ਼ਬਦਾਂ ਵਿੱਚੋਂ ਕਿਸੇ ਪੰਜਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ:-** (10)

ਖੂਨ ਖੌਲਣਾ, ਸਬਕ ਸਿਖਾਉਣਾ, ਮੁਕਤ ਕਰਾਉਣਾ, ਸੁਨਹਿਰੀ, ਕਲਾਕਾਰ, ਸਮਰੱਥਾ, ਭਾਸ਼ਨ, ਆਂਦਰਾਂ ਦਾ ਸੇਕ

ਪ੍ਰ.4 (ੳ) **ਵਿਰੋਧੀ ਸ਼ਬਦ ਲਿਖੋ- (ਕੋਈ ਪੰਜ)** (5)

ਨਿੰਦਾ, ਆਲਸ, ਨਕਲੀ, ਗਲਤ, ਮਿੱਠਾ, ਖੋਟਾ, ਵਾਧਾ

(ਅ) **ਸ਼ੁੱਧ ਕਰਕੇ ਲਿਖੋ- (ਕੋਈ ਪੰਜ)** (5)

ਰਿੱਦਾ, ਮੇਹਨਤ, ਰੈਹਣਾ, ਬੌਹਤ, ਲਿਖਨਾ, ਪ੍ਰਮਾਤਮਾ

(ੲ) **ਲਿੰਗ ਬਦਲੋ- (ਕੋਈ ਪੰਜ)** (5)

ਪੁੱਤਰ, ਨਾਇਕ, ਉਸਤਾਦ, ਦਿਉਰ, ਸ਼ਿਕਾਰੀ, ਗੁਆਂਢੀ, ਮਾਮਾ

**ਪ੍ਰ.5 ਪੜਨਾਂਵ ਕੀ ਹੁੰਦਾ ਹੈ ? ਕੋਈ ਤਿੰਨ ਕਿਸਮਾਂ ਉਦਾਹਰਨਾਂ ਸਮੇਤ ਲਿਖੋ ?** (5)

**ਪ੍ਰ.6 ਹੇਠ ਲਿਖੇ ਵਾਕਾਂ ਵਿਚਲੀਆਂ ਖਾਲੀ ਥਾਵਾਂ ਵਿੱਚ ਢੁੱਕਵੇਂ ਸ਼ਬਦ ਚੁਣ ਕੇ ਲਿਖੋ:-** (5)

ਫਾਹਾ, ਗਾਇਬ, ਮਧਰੇ, ਅਮੁੱਲ, ਸ਼ਾਹੂਕਾਰੇ

1. ਕਲਾਕਾਰ ਕਿਸੇ ਕੌਮ ਦਾ ................ ਸਰਮਾਇਆ ਹੁੰਦੇ ਹਨ।
2. ਮੈਂ ਲੋਕਾਂ ਦੀ ਦੇਖਾ-ਦੇਖੀ ਅੱਡੀਆਂ ਚੁੱਕ ਕੇ ................. ਨਹੀਂ ਲੈਣਾ।
3. ਪਿੰਡ ਵਿੱਚ ਤਖਤੂ ਮੱਲ ਦਾ ....................ਦਾ ਕੰਮ ਸੀ।
4. ਸ਼ਹਿਰਾਂ ਵਿੱਚ ਤਾਂ ਘੜੇ ਜਿਵੇਂ ...................ਹੀ ਹੋ ਗਏ ਹਨ।
5. ਲਛਮਣ ਦੇਵ .......................ਕੱਦ ਦਾ ਫੁਰਤੀਲਾ ਨੌਜੁਆਨ ਸੀ।

**ਪ੍ਰ.7 ਹੇਠ ਲਿਖੇ ਕਾਵਿ-ਟੋਟੇ ਦੇ ਸਰਲ ਅਰਥ ਕਰੋ:-** (5)

ਪਿਛਲੀ ਹੋ ਗਈ ਗੱਲ ਪੁਰਾਣੀ,
ਨਵਿਆਂ ਛੋਹੀ ਨਵੀਂ ਕਹਾਣੀ।
ਪਿਛਲੇ ਲੀਹਾਂ ਨਾਲ ਖਲੋ ਗਏ,
ਨਵੇਂ ਨਿਸ਼ਾਨ ਅਗੇਰੇ ਹੋ ਗਏ।

ਜਾਂ

ਕਦੀ ਅੱਕਦੀ ਥੱਕਦੀ ਮੂਲ ਨਾਹੀਂ,
ਦੁੱਖ ਸਹਿਣ ਤੋਂ ਕਦੀ ਨਾ ਹਾਰਦੀ ਮਾਂ।
ਦੇ ਦੇ ਲੋਰੀਆਂ, ਬੱਚਾ ਖਿਡਾਉਂਦੀ ਏ,
ਮਨੋਂ ਰਾਜੇ ਦੇ, ਮਹਿਲ ਉਸਾਰਦੀ ਮਾਂ।

ਪ੍ਰ.8 **ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ:-** (5)

(ੳ) ਰੁੱਤਾਂ 'ਚੋਂ ਜਦੋਂ ਵਰ੍ਹੇ ਮੇਘਲਾ,
.................................।

(ਅ) ਦਿਲ ਦੇ ਭਿੱਤ ਨਾ ਐਵੇਂ ਭੇੜੋ,
.................................।

ਪ੍ਰ.9 **ਹੇਠ ਲਿਖੇ ਸ਼ਬਦ ਕਿਸਨੇ ਕਿਸਨੂੰ ਕਹੇ:** (5)

(ੳ) "ਆਹਾ! ਕਿੰਨੇ ਸੋਹਣੇ ਬਿਰਖ, ਬਿਰਖਾਂ 'ਤੇ ਤਰ੍ਹਾਂ ਤਰ੍ਹਾਂ ਦੇ ਪੰਛੀ।"

(ਅ) "ਮੰਮੀ ਜੀ! ਸੱਚਮੁੱਚ ਦੋ ਰੱਬ ਹਨ?"

(ੲ) "ਤਾਇਆ! ਤੂੰ ਵੇਖੇ ਨੇ ਗਿਠਮੁਠੀਏ?"

(ਸ) "ਤੁਸੀਂ ਕਿਹੜੀਆਂ ਸੋਚਾਂ 'ਚ ਪਏ ਹੋਏ ਓ, ਸੁੱਤੇ ਨਹੀਂ?"

(ਹ) "ਠੀਕ ਐ, ਮੈਂ ਖੇਤਾਂ ਨੂੰ ਚੱਲਿਆ ਹਾਂ। ਤੂੰ ਵੀ ਮੇਰੇ ਨਾਲ ਤੁਰਿਆ ਆ।"

ਪ੍ਰ.10 **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜਾਂ ਦੇ ਉੱਤਰ ਦਿਉ:-** (5×4=20)

(ੳ) ਕਾਕੋ ਤੇ ਮਾਕੋ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?

(ਅ) ਸੁਕਰਾਤ ਨੇ ਜ਼ਹਿਰ ਦਾ ਪਿਆਲਾ ਕਿਉਂ ਪੀਤਾ?

(ੲ) ਪਿਆਰਾ ਸਿੰਘ ਪਿੰਡ ਵਿੱਚ ਕਿਸ ਨਾਂ ਨਾਲ ਮਸ਼ਹੂਰ ਸੀ?

(ਸ) ਭਾਈ ਲਹਿਣਾ ਕੌਣ ਸੀ? ਉਸਦਾ ਸੁਭਾਅ ਕਿਹੋ ਜਿਹਾ ਸੀ?

(ਹ) ਮਨੁੱਖੀ ਸਰੀਰ ਕਿਹੜੇ-ਕਿਹੜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ?

(ਕ) ਕਵੀ ਫਰਿਸ਼ਤੇ ਪਾਸੋਂ ਕੀ ਮੰਗਦਾ ਹੈ?

(ਖ) ਤੋਤਾ ਸੁਮਨ ਨੂੰ ਕਿਉਂ ਪਿਆਰ ਕਰਨ ਲੱਗਾ?

(ਗ) ਭਗਤ ਜੀ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ?